**ਪੰਜਾਬ ਸਰਕਾਰ**

**ਲੋਕ ਨਿਰਮਾਣ ਵਿਭਾਗ**

**(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)**

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 15.09.2025 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਵੱਲੋ ਕੀਤੀਆਂ ਗਈਆਂ ਸ਼ਿਫਾਰਸਾਂ ਦੇ ਸਨਮੁੱਖ ਲੋਕ ਨਿਰਮਾਣ ਵਿਭਾਗ, ਪੰਜਾਬ (ਭਵਨ ਤੇ ਮਾਰਗ) ਵਿੱਚ ਹੇਠ ਦਰਸਾਏ ਜੂਨੀਅਰ/ਸਹਾਇਕ ਇੰਜੀਨੀਅਰਾਂ (ਸਿਵਲ) ਡਿਪੋਲਮਾ ਹੋਲਡਰ ਨੂੰ ਬਤੌਰ ਉਪ ਮੰਡਲ ਇੰਜੀਨੀਅਰਾਂ (ਸਿਵਲ) ਡਿਪੋਲਮਾ ਹੋਲਡਰ ਤਨਖਾਹ ਲੈਵਲ 18 (56100-177500 ਰੁਪਏ) ਵਿੱਚ ਪਦ-ਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਅਧਿਕਾਰੀ ਦਾ ਨਾਮ ਸਰਵ ਸ੍ਰੀ/ਸ੍ਰੀਮਤੀ | ਸੀਨੀਆਰਤਾ ਨੰਬਰ | ਵਿਸ਼ੇਸ਼ ਕਥਨ |
|---|---|---|---|
| 1 | ਜਤਿੰਦਰ ਕੁਮਾਰ (ਅ.ਜ) | 119 | ਰਾਖਵੇਂ ਨੁਕਤੇ ਦੇ ਵਿਰੁੱਧ |
| 2 | ਸਵਿੰਦਰਜੀਤ ਸਿੰਘ | 95 | ਆਮ ਵਰਗ ਦੀ ਖਾਲੀ ਅਸਾਮੀ ਵਿਰੁੱਧ |
| 3. | ਖੁਸ਼ਵੰਤ ਸਿੰਘ | 97 | ਆਮ ਵਰਗ ਦੀ ਖਾਲੀ ਅਸਾਮੀ ਵਿਰੁੱਧ |
| 4. | ਮਨਿੰਦਰ ਸਿੰਘ | 102 | ਆਮ ਵਰਗ ਦੀ ਖਾਲੀ ਅਸਾਮੀ ਵਿਰੁੱਧ |
| 5. | ਅਵਤਾਰ ਸਿੰਘ | 108 | ਆਮ ਵਰਗ ਦੀ ਖਾਲੀ ਅਸਾਮੀ ਵਿਰੁੱਧ |
| 6. | ਅਮਨਜੀਤ ਸਿੰਘ | 109 | ਆਮ ਵਰਗ ਦੀ ਖਾਲੀ ਅਸਾਮੀ ਵਿਰੁੱਧ |
| 7. | ਜਸਵੀਰ ਸਿੰਘ | 114 | ਆਮ ਵਰਗ ਦੀ ਖਾਲੀ ਅਸਾਮੀ ਵਿਰੁੱਧ |
| 8. | ਜਗਦੀਪ ਸਿੰਘ | 118 | ਆਮ ਵਰਗ ਦੀ ਖਾਲੀ ਅਸਾਮੀ ਵਿਰੁੱਧ |
| 9. | ਗੁਰਜੀਤ ਸਿੰਘ | 121 | ਆਮ ਵਰਗ ਦੀ ਖਾਲੀ ਅਸਾਮੀ ਵਿਰੁੱਧ |
| 10. | ਰਵਿੰਦਰ ਸਿੰਘ | 123 | ਆਮ ਵਰਗ ਦੀ ਖਾਲੀ ਅਸਾਮੀ ਵਿਰੁੱਧ |
| 11. | ਕੁਲਵਿੰਦਰਪਾਲ ਸਿੰਘ | 124 | ਆਮ ਵਰਗ ਦੀ ਖਾਲੀ ਅਸਾਮੀ ਵਿਰੁੱਧ |
| 12. | ਕ੍ਰਿਸ਼ਨ ਗੋਪਾਲ (ਅ.ਜ) | 132 | ਸੀਨੀਅਰਤਾ ਕੰਮ ਮੈਰਿਟ ਦੇ ਆਧਾਰ ਤੇ ਆਮ ਵਰਗ ਦੀ ਖਾਲੀ ਅਸਾਮੀ ਵਿਰੁੱਧ |

2. ਇਹ ਪਦ-ਉਨਤੀਆਂ ਹੇਠ ਲਿਖੀਆਂ ਸ਼ਰਤਾਂ ਤੇ ਅਧਾਰਤ ਹੋਣਗੀਆਂ:-

I. ਇਹ ਪਦ-ਉਨਤੀ ਮਾਨਯੋਗ ਸੁਪਰੀਮ ਕੋਰਟ ਵਲੋਂ 85ਵੀਂ ਸੰਵਿਧਾਨਕ ਸੋਧ ਦੇ ਸਬੰਧ ਵਿੱਚ ਮਿਤੀ 19.10.2006 ਨੂੰ ਦਿੱਤੇ ਫੈਸਲੇ ਦੀ ਰੋਸ਼ਨੀ ਵਿੱਚ ਪੰਜਾਬ ਸਰਕਾਰ ਵਲੋਂ ਜੋ ਨੀਤੀ ਨਿਰਧਾਰਤ ਕੀਤੀ ਜਾਵੇਗੀ, ਉਸ ਅਨੁਸਾਰ ਸੀਨੀਆਰਤਾ ਸਬੰਧੀ ਜਾਂ ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਜੇਕਰ ਕੋਈ ਤਬਦੀਲੀ ਆਈ, ਤਾਂ ਇਹ ਪਦ-ਉਨਤੀ ਮੁੜ ਵਿਚਾਰੀ ਜਾ ਸਕਦੀ ਹੈ।

II. ਇਹ ਪਦ-ਉੱਨਤੀਆਂ ਇਕ ਸਾਲ ਦੇ ਪਰਖ ਕਾਲ ਤੇ ਹੋਣਗੀਆਂ ਅਤੇ ਪਦ-ਉੱਨਤ ਕੀਤੇ ਅਧਿਕਾਰੀਆਂ ਵੱਲੋ ਮਿੱਥੇ ਸਮੇਂ ਦੇ ਅੰਦਰ-ਅੰਦਰ ਵਿਭਾਗੀ ਪੇਸ਼ਾਵਾਰਨਾ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੋਵੇਗੀ। ਜੇਕਰ ਅਧਿਕਾਰੀ ਪੇਸ਼ਾਵਾਰਨਾ ਪ੍ਰੀਖਿਆ ਮਿੱਥੇ ਸਮੇਂ ਵਿੱਚ ਪਾਸ ਨਹੀਂ ਕਰਦਾ ਹੈ ਤਾਂ ਉਸ ਨੂੰ ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਜਾਵੇਗੀ।

3. ਇਹ ਪਦ-ਉੱਨਤੀਆਂ ਕਾਰਜਭਾਰ ਸੰਭਾਲਣ ਦੀ ਮਿਤੀ ਤੋਂ ਲਾਗੂ ਹੋਣਗੀਆਂ।

4. ਜੇਕਰ ਕੋਈ ਅਧਿਕਾਰੀ ਇਹ ਪਦ-ਉੱਨਤੀ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਨੂੰ ਆਮ ਸਾਂਝੀਆਂ ਸੇਵਾ ਸ਼ਰਤਾਂ ਨਿਯਮ 1994 ਦੇ ਰੂਲ 18(2) ਅਧੀਨ 2 ਸਾਲ ਲਈ ਡੀ-ਬਾਰ ਕੀਤਾ ਜਾਵੇਗਾ।

5. ਸਿਵਲ ਰਿੱਟ ਪਟੀਸ਼ਨ ਨੰ:3795 ਆਫ 2024 ਗੁਰਜੀਤ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਜਾਂ ਇਸ ਤੋਂ ਇਲਾਵਾ ਹੋਰ ਕੋਰਟ ਕੇਸ ਵਿੱਚ ਆਉਣ ਵਾਲੇ ਜਾਂ ਰਿਕਾਰਡ ਦੇ ਅਧਾਰ ਤੇ ਕੋਈ ਨਵੇਂ ਤੱਥ ਇਨ੍ਹਾਂ ਅਧਿਕਾਰੀਆਂ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਇਨ੍ਹਾਂ ਪਦ-ਉਨਤੀਆਂ ਨੂੰ ਮੁੜ ਵਿਚਾਰਿਆ ਜਾਵੇਗਾ।

6. ਜੇਕਰ ਕਿਸੇ ਕਾਰਨ ਉੱਪ ਮੰਡਲ ਇੰਜੀਨੀਅਰ ਦੀਆਂ ਅਸਾਮੀਆਂ ਦੀ ਗਿਣਤੀ ਵਿੱਚ ਕਮੀ ਆਉਂਦੀ ਹੈ ਤਾਂ ਪਦਉੱਨਤ ਕੀਤੇ ਗਏ ਅਧਿਕਾਰੀਆਂ ਨੂੰ ਰਿਵਰਟ ਕਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ।

7. ਉਪ ਮੰਡਲ ਇੰਜੀਨੀਅਰ (ਸਿਵਲ) ਦੀ ਸੀਨੀਆਰਤਾ ਵਿੱਚ ਸੋਧ ਸਬੰਧੀ ਮਾਮਲੇ ਮਾਨਯੋਗ ਹਾਈਕੋਰਟ/ਸਰਕਾਰ ਦੇ ਵਿਚਾਰ ਅਧੀਨ ਹਨ। ਇਨ੍ਹਾਂ ਮਾਮਲਿਆਂ ਵਿੱਚ ਆਉਣ ਵਾਲੇ ਫੈਸਲੇ ਦੇ ਆਧਾਰ ਤੇ ਨਿਯਮਾਂ/ਹਦਾਇਤਾਂ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

8. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ ਅਤੇ ਤੁਰੰਤ ਲਾਗੂ ਹੋਣਗੇ।

**ਮਿਤੀ,ਚੰਡੀਗੜ੍ਹ** | **ਰਵੀ ਭਗਤ,ਆਈ.ਏ.ਐਸ**

**08 ਅਕਤੂਬਰ,2025** | **ਸਕੱਤਰ, ਪੰਜਾਬ ਸਰਕਾਰ**

**ਲੋਕ ਨਿਰਮਾਣ ਵਿਭਾਗ (ਭ ਤੇ ਮ)**

**ਪਿ:ਅੰ:ਨੰ:PWD-BR101/39/2025-4BR1/** 1217128/1-5 **ਮਿਤੀ, ਚੰਡੀਗੜ੍ਹ:08.10.2025**

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ/ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਚੰਡੀਗੜ੍ਹ।
2. ਮਹਾਂਲੇਖਾਕਾਰ (ਆਡਿਟ) ਪੰਜਾਬ ਚੰਡੀਗੜ੍ਹ।
3. ਮੁੱਖ ਇੰਜੀਨੀਅਰ (ਹੈ.ਕੁ),ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ
4. ਸ੍ਰੀ ਕਰਮਜੀਤ ਸਿੰਘ, ਡਿਪਟੀ ਡਾਇਰੈਕਟਰ , ਪੀ.ਆਰ.ਬੀ.ਡੀ.ਬੀ ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਮੋਹਾਲੀ ਨੂੰ ਵਿਭਾਗ ਦੀ ਵੈਬ-ਸਾਈਟ ਤੇ ਅਪ-ਲੋਡ ਕਰਨ ਹਿੱਤ।
5. ਸਬੰਧਤ ਅਧਿਕਾਰੀ ਮਾਰਫਤ: ਮੁੱਖ ਇੰਜੀਨੀਅਰ (ਹੈ:ਕੁ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਪਟਿਆਲਾ।

**(ਰਮਨ ਕੁਮਾਰ ਕੋਛੜ)**

**ਸੁਪਰਡੰਟ**

ਅੰਦਰੂਨੀ ਵੰਡ

1. ਨਿੱਜੀ ਸਕੱਤਰ/ਲੋਕ ਨਿਰਮਾਣ ਮੰਤਰੀ ਜੀ।
2. ਨਿੱਜੀ ਸਕੱਤਰ/ਸਕੱਤਰ ਲੋਕ ਨਿਰਮਾਣ।
3. ਨਿੱਜੀ ਸਹਾਇਕ/ਵਿਸੇਸ਼ ਸਕੱਤਰ, ਲੋਕ ਨਿਰਮਾਣ
4. ਨਿੱਜੀ ਸਹਾਇਕ/ਸੰਯੁਕਤ ਸਕੱਤਰ, ਲੋਕ ਨਿਰਮਾਣ
5. ਸ.ਸ.ਸ/ਅਧੀਨ ਸਕੱਤਰ ਲੋਕ ਨਿਰਮਾਣ।
6. ਸੁਪਰਡੰਟ (ਇਮਾਰਤਾਂ ਤੇ ਸੜਕਾਂ-3 ਸ਼ਾਖਾ)

**ਪੰਜਾਬ ਸਰਕਾਰ**

**ਲੋਕ ਨਿਰਮਾਣ ਵਿਭਾਗ**

**(ਇਮਾਰਤਾਂ ਤੇ ਸੜਕਾਂ-1 ਸ਼ਾਖਾ)**

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 13.03.2024 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ ਲੋਕ ਨਿਰਮਾਣ ਵਿਭਾਗ (ਭ ਤੇ ਮ) ਵਿੱਚ ਕੰਮ ਕਰਦੇ ਹੇਠ ਦਰਸਾਏ ਕਾਰਜਕਾਰੀ ਇੰਜੀਨੀਅਰ (ਸਿਵਲ) ਨੂੰ ਬਤੌਰ ਨਿਗਰਾਨ ਇੰਜੀਨੀਅਰ (ਸਿਵਲ) ਤਨਖਾਹ ਸਕੇਲ The Punjab Civil Services (Revised Pay) Rules, 2022 ਵਿੱਚ ਦਰਸਾਏ Schedule ਦੇ ਤਨਖਾਹ ਸਕੇਲ ਲੈਵਲ – 28 (1,23,100-2,09,600) ਰੁਪਏ ਵਿੱਚ ਪਦ-ਉਨਤ ਕੀਤਾ ਜਾਂਦਾ ਹੈ:-

| ਅਧਿਕਾਰੀ ਦਾ ਨਾਮ ਸਰਵ ਸ੍ਰੀ | ਸੀਨੀਆਰਤਾ ਨੰ: | ਵਿਸ਼ੇਸ਼ ਕਥਨ |
|---|---|---|
| ਕਮਲਜੀਤ ਸਿੰਘ ਬਰਾੜ | 74 | ਸੀਲਡ ਕਵਰ ਕੇਸ ਖੋਲਦੇ ਹੋਏ ਆਮ ਵਰਗ ਦੀ ਅਸਾਮੀ ਵਿਰੁੱਧ |

2. ਇਹ ਪਦ-ਉਨਤੀ ਹੇਠ ਲਿਖੀਆਂ ਸ਼ਰਤਾਂ ਤੇ ਅਧਾਰਤ ਹੋਵੇਗੀ:-

I. ਇਸ ਅਸਾਮੀ ਤੇ ਪਦ-ਉਨਤੀ ਉਪਰੰਤ ਪਰਖਕਾਲ ਦਾ ਸਮਾਂ ਇੱਕ ਸਾਲ ਦਾ ਹੋਵੇਗਾ।

II. ਮਾਨਯੋਗ ਸੁਪਰੀਮ ਕੋਰਟ ਵਲੋਂ 85ਵੀਂ ਸੰਵਿਧਾਨਕ ਸੋਧ ਦੇ ਸਬੰਧ ਵਿੱਚ ਮਿਤੀ 19.10.2016 ਨੂੰ ਦਿੱਤੇ ਫੈਸਲੇ ਦੀ ਰੋਸ਼ਨੀ ਵਿੱਚ ਪੰਜਾਬ ਸਰਕਾਰ ਵਲੋਂ ਜੋ ਨੀਤੀ ਨਿਰਧਾਰਤ ਕੀਤੀ ਜਾਵੇਗੀ, ਉਸ ਅਨੁਸਾਰ ਸੀਨੀਆਰਤਾ ਸਬੰਧੀ ਜਾਂ ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਜੇਕਰ ਕੋਈ ਤਬਦੀਲੀ ਆਈ, ਤਾਂ ਇਹ ਪਦ-ਉਨਤੀਆਂ ਮੁੜ ਵਿਚਾਰੀਆਂ ਜਾ ਸਕਦੀਆਂ ਹਨ।

III. ਜੇਕਰ ਅਧਿਕਾਰੀ ਪਦ-ਉਨਤੀ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਨੂੰ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ, 1994 ਦੇ ਰੂਲ-18(2) ਅਧੀਨ 02 ਸਾਲ ਲਈ ਡੀ-ਬਾਰ ਕੀਤਾ ਜਾਵੇਗਾ।

IV. ਵੱਖ-ਵੱਖ ਮਾਨਯੋਗ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਭਵਿੱਖ ਵਿਚ ਆਉਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਆਧਾਰ ਤੇ ਕੋਈ ਨਵੇਂ ਤੱਥ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਕਤ ਪਦ-ਉਨਤੀਆਂ ਨੂੰ ਮੁੜ ਵਿਚਾਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ ਅਤੇ ਬਿਨ੍ਹਾਂ ਕਿਸੇ ਨੋਟਿਸ ਤੋਂ ਸਬੰਧਤ ਅਧਿਕਾਰੀ ਨੂੰ ਫੀਡਰ ਕਾਡਰ ਦੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

**V. ਐਡਵੋਕੇਟ ਜਨਰਲ, ਪੰਜਾਬ ਤੋਂ ਪ੍ਰਾਪਤ ਲੀਗਲ ਓਪੀਨੀਅਨ ਅਨੁਸਾਰ ਇਹ ਪਦ-ਉੱਨਤੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਪੈਡਿੰਗ LPA ਨੰ: 223 ਆਫ 2025 ਅਤੇ ਹੋਰ ਸਿਮੀਲਰ ਕੇਸਾਂ ਵਿਚ ਹੋਣ ਵਾਲੇ ਫੈਸਲੇ ਅਨੁਸਾਰ ਮੁੜ ਵਿਚਾਰਨ ਦੀਆਂ ਸ਼ਰਤਾਂ ਤੇ ਅਧਾਰਤ ਹੋਵੇਗੀ।**

3. ਭਲਾਈ ਵਿਭਾਗ ਵਲੋਂ ਮਿਤੀ 10.07.1995 ਅਤੇ ਮਿਤੀ 13.01.2017 ਨੂੰ ਜਾਰੀ ਹਦਾਇਤਾਂ ਵਿੱਚ ਕੀਤੇ ਉਪਬੰਧਾਂ ਅਨੁਸਾਰ ਇਸ ਕਾਡਰ ਵਿਚ ਰਾਖਵੇਂ ਵਰਗ ਦੀ ਪ੍ਰਤੀਸ਼ਤਤਾ ਪੂਰੀ ਹੋਣ ਕਾਰਨ ਰੋਸਟਰ ਰਜਿਸਟਰ ਬੰਦ ਹੋ ਚੁੱਕਾ ਹੈ, ਇਸ ਲਈ ਇਹ ਪਦ-ਉਨਤੀ ਕੈਟਾਗਰੀ-ਵਾਈਜ਼ ਕੀਤੀ ਗਈ ਹੈ।

4. ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 22.11.2023 ਅਤੇ ਮਿਤੀ 13.03.2024 ਨੂੰ ਹੋਈਆਂ ਮੀਟਿੰਗਾਂ ਵਿੱਚ ਕਾਰਜਕਾਰੀ ਇੰਜੀਨੀਅਰ (ਸਿਵਲ) ਦੀ ਸੀਨੀਆਰਤਾ ਸੂਚੀ ਮਿਤੀ 15.09.2017 ਦੇ ਲੜੀ ਨੰ: 33, 53, 60, 72 ਅਤੇ 78 ਤੇ ਦਰਜ ਅਧਿਕਾਰੀਆਂ ਵਿਰੁੱਧ ਵਿਭਾਗੀ ਕੇਸ ਜਾਂ ਵਿਜੀਲੈਂਸ ਕੇਸ ਆਦਿ ਦਾ ਮਾਮਲਾ ਲੰਬਿਤ ਹੋਣ ਕਾਰਨ ਇਨ੍ਹਾਂ ਅਧਿਕਾਰੀਆਂ ਦਾ ਨਾਮ ਸੀਲਡ ਕਵਰ ਵਿਚ ਹੈ।

ਚਲਦਾ ਪੰਨਾ ....2

5. ਜੇਕਰ ਇਸ ਕਾਡਰ ਦਾ ਡੈਪੂਟੇਸ਼ਨ ਤੇ ਗਿਆ ਕੋਈ ਅਧਿਕਾਰੀ ਵਾਪਸ ਪਿਤਰੀ ਵਿਭਾਗ ਵਿੱਚ ਜੁਆਇੰਨ ਕਰਦਾ ਹੈ ਜਾਂ ਕਿਸੇ ਵੀ ਹੋਰ ਕਾਰਨ ਕਰਕੇ ਆਸਾਮੀਆਂ ਖਾਲੀ ਨਾ ਹੋਣ ਦੀ ਸੂਰਤ ਵਿੱਚ ਸਭ ਤੋਂ ਜੂਨੀਅਰ ਅਧਿਕਾਰੀ ਨੂੰ ਬਿਨ੍ਹਾਂ ਕਿਸੇ ਨੋਟਿਸ ਦੇ ਫੀਡਰ ਕਾਡਰ ਦੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

6. ਪਦ-ਉੱਨਤੀ ਉਪਰੰਤ ਅਧਿਕਾਰੀ ਆਪਣੀ ਹਾਜ਼ਰੀ ਰਿਪੋਰਟ ਸਰਕਾਰ ਨੂੰ ਪੇਸ਼ ਕਰੇਗਾ।

7. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ ਅਤੇ ਤੁਰੰਤ ਲਾਗੂ ਹੋਣਗੇ।

**ਮਿਤੀ, ਚੰਡੀਗੜ੍ਹ,**
**08.10.2025**

**ਰਵੀ ਭਗਤ, ਆਈ.ਏ.ਐਸ.**
**ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

**ਪਿ.ਅੰ.ਨੰ.: PWD-BR101/44/2025-1BR1/1217835** **ਮਿਤੀ, ਚੰਡੀਗੜ੍ਹ,08.10.2025**

ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

I. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ;
II. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ;
III. ਮੁੱਖ ਇੰਜੀਨੀਅਰ (ਹੈੱ.ਕੁ), ਪੰਜਾਬ, ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ;
IV. ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ. ਪੰਜਾਬ ਲੋਕ ਨਿਰਮਾਣ ਵਿਭਾਗ (ਭਤੇ ਮ), ਐਸ.ਏ.ਐਸ. ਨਗਰ (ਮੋਹਾਲੀ) ਨੂੰ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕਰਨ ਹਿੱਤ;
VI. ਸਬੰਧਤ ਅਧਿਕਾਰੀ (ਮਾਰਫਤ ਮੁੱਖ ਇੰਜੀਨੀਅਰ (ਹੈੱ.ਕੁ.), ਪੰਜਾਬ, ਲੋਕ ਨਿਰਮਾਣ ਵਿਭਾਗ (ਭ ਤੇ ਮ) ਪਟਿਆਲਾ)।

**(ਰਮਨ ਕੁਮਾਰ ਕੋਛੜ)**
**ਸੁਪਰਡੰਟ**

**ਅੰਦਰੂਨੀ ਵੰਡ:-**

1. ਨਿੱਜੀ ਸਕੱਤਰ/ਲੋਕ ਨਿਰਮਾਣ ਮੰਤਰੀ, ਪੰਜਾਬ;
2. ਨਿੱਜੀ ਸਕੱਤਰ/ਸਕੱਤਰ, ਲੋਕ ਨਿਰਮਾਣ;
3. ਨਿੱਜੀ ਸਕੱਤਰ/ ਵਿਸ਼ੇਸ਼ ਸਕੱਤਰ, ਲੋਕ ਨਿਰਮਾਣ;
4. ਨਿੱਜੀ ਸਹਾਇਕ/ ਸੰਯੁਕਤ ਸਕੱਤਰ, ਲੋਕ ਨਿਰਮਾਣ;
5. ਸ.ਸ.ਸ./ ਅਧੀਨ ਸਕੱਤਰ, ਲੋਕ ਨਿਰਮਾਣ;
6. ਸਟੈਨੋ (ਇਮਾਰਤਾਂ ਤੇ ਸੜਕਾਂ 1, 3 ਸ਼ਾਖਾਵਾਂ)

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 15.09.2025 ਨੂੰ ਹੋਈ ਮੀਟਿੰਗ ਵਿੱਚ ਕਮੇਟੀ ਵੱਲੋ ਕੀਤੀ ਗਈ ਸ਼ਿਫਾਰਸ ਦੇ ਸਨਮੁੱਖ ਲੋਕ ਨਿਰਮਾਣ ਵਿਭਾਗ, ਪੰਜਾਬ (ਭਵਨ ਤੇ ਮਾਰਗ) ਵਿੱਚ ਹੇਠ ਲਿਖੇ ਕਰਮਚਾਰੀ ਨੂੰ ਸਹਾਇਕ ਇੰਜੀਨੀਅਰ (ਮਕੈਨੀਕਲ) ਡਿਗਰੀ ਹੋਲਡਰ ਤੋਂ ਬਤੌਰ ਉਪ ਮੰਡਲ ਇੰਜੀਨੀਅਰ (ਮਕੈਨੀਕਲ) ਡਿਗਰੀ ਹੋਲਡਰ ਤਨਖਾਹ ਲੈਵਲ 18 (56100-177500 ਰੁਪਏ) ਵਿੱਚ ਪਦ-ਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਅਧਿਕਾਰੀ ਦਾ ਨਾਮ ਸਰਵ ਸ੍ਰੀ/ਸ਼੍ਰੀਮਤੀ | ਸੀਨੀਆਰਤਾ ਨੰਬਰ | ਵਿਸ਼ੇਸ਼ ਕਥਨ |
|---|---|---|---|
| 1. | ਸ੍ਰੀ ਅਮਰੀਕ ਸਿੰਘ | 08 | ਸੀਨੀਆਰਤਾ- ਕਮ- ਮੈਰਿਟ ਦੇ ਆਧਾਰ ਤੇ |

2. **ਇਹ ਪਦ-ਉਨਤੀ ਹੇਠ ਲਿਖੀਆਂ ਸ਼ਰਤਾਂ ਤੇ ਅਧਾਰਤ ਹੋਵੇਗੀ:-**

1. ਇਹ ਪਦ-ਉਨਤੀ ਮਾਨਯੋਗ ਸੁਪਰੀਮ ਕੋਰਟ ਵਲੋਂ 85ਵੀਂ ਸੰਵਿਧਾਨਕ ਸੋਧ ਦੇ ਸਬੰਧ ਵਿੱਚ ਮਿਤੀ 19.10.2006 ਨੂੰ ਦਿੱਤੇ ਫੈਸਲੇ ਦੀ ਰੋਸ਼ਨੀ ਵਿੱਚ ਪੰਜਾਬ ਸਰਕਾਰ ਵਲੋਂ ਜੋ ਨੀਤੀ ਨਿਰਧਾਰਤ ਕੀਤੀ ਜਾਵੇਗੀ, ਉਸ ਅਨੁਸਾਰ ਸੀਨੀਆਰਤਾ ਸਬੰਧੀ ਜਾਂ ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਜੇਕਰ ਕੋਈ ਤਬਦੀਲੀ ਆਈ, ਤਾਂ ਇਹ ਪਦ-ਉਨਤੀ ਮੁੜ ਵਿਚਾਰੀ ਜਾ ਸਕਦੀ ਹੈ।
2. ਇਹ ਪਦ-ਉੱਨਤੀ ਇਕ ਸਾਲ ਦੇ ਪਰਖ ਕਾਲ ਤੇ ਹੋਵੇਗੀ ਅਤੇ ਪਦ-ਉੱਨਤ ਕੀਤੇ ਅਧਿਕਾਰੀ ਵੱਲੋ ਮਿੱਥੇ ਸਮੇਂ ਦੇ ਅੰਦਰ-ਅੰਦਰ ਵਿਭਾਗੀ ਪੇਸ਼ਾਵਾਰਨਾ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੋਵੇਗੀ ਜੇਕਰ ਅਧਿਕਾਰੀ ਪੇਸ਼ਾਵਾਰਨਾ ਪ੍ਰੀਖਿਆ ਮਿੱਥੇ ਸਮੇਂ ਵਿੱਚ ਪਾਸ ਨਹੀਂ ਕਰਦਾ ਹੈ ਤਾਂ ਉਸ ਨੂੰ ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਜਾਵੇਗੀ।
3. ਇਹ ਪਦ-ਉੱਨਤੀ ਕਾਰਜਭਾਰ ਸੰਭਾਲਣ ਦੀ ਮਿਤੀ ਤੋਂ ਲਾਗੂ ਹੋਵੇਗੀ।
4. ਜੇਕਰ ਅਧਿਕਾਰੀ ਇਹ ਪਦ-ਉੱਨਤੀ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਨੂੰ ਆਮ ਸਾਂਝੀਆਂ ਸੇਵਾ ਸ਼ਰਤਾਂ ਨਿਯਮ 1994 ਦੇ ਰੂਲ 18(2) ਅਧੀਨ 2 ਸਾਲ ਲਈ ਡੀ-ਬਾਰ ਕੀਤਾ ਜਾਵੇਗਾ।
5. ਜੇਕਰ ਕਿਸੇ ਕਾਰਨ ਉਪ ਮੰਡਲ ਇੰਜੀਨੀਅਰ (ਮਕੈਨੀਕਲ) ਦੀਆਂ ਅਸਾਮੀਆਂ ਦੀ ਗਿਣਤੀ ਵਿੱਚ ਕਮੀ ਆਉਂਦੀ ਹੈ ਤਾਂ ਪਦਉੱਨਤ ਕੀਤੇ ਗਏ ਅਧਿਕਾਰੀ ਨੂੰ ਰਿਵਰਟ ਕਰਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ।
6. ਉਪ ਮੰਡਲ ਇੰਜੀਨੀਅਰ (ਮਕੈਨੀਕਲ) ਦੀ ਸੀਨੀਆਰਤਾ ਵਿੱਚ ਸੋਧ ਸਬੰਧੀ ਜੇਕਰ ਕੋਈ ਮਾਮਲਾ ਮਾਨਯੋਗ ਹਾਈਕੋਰਟ ਵਿੱਚ ਵਿਚਾਰ ਅਧੀਨ ਹੈ ਤਾਂ ਇਨ੍ਹਾਂ ਮਾਮਲਿਆਂ ਵਿੱਚ ਆਉਂਣ ਵਾਲੇ ਫੈਸਲੇ ਦੇ ਅਧਾਰ ਤੇ ਨਿਯਮਾਂ/ਹਦਾਇਤਾਂ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

3. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

**ਮਿਤੀ,ਚੰਡੀਗੜ੍ਹ**
**01 ਅਕਤੂਬਰ,2025**

**ਰਵੀ ਭਗਤ ,ਆਈ.ਏ.ਐਸ**
**ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

**ਪਿ:ਅੰ:ਨੰ: PWD-BR101/54/2025-4BR1/1215123/2025** **ਮਿਤੀ ਚੰਡੀਗੜ੍ਹ: 03.10.2025**

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ/ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਚੰਡੀਗੜ੍ਹ।
2. ਮਹਾਂਲੇਖਾਕਾਰ (ਆਡਿਟ) ਪੰਜਾਬ ਚੰਡੀਗੜ੍ਹ।

3. ਮੁੱਖ ਇੰਜੀਨੀਅਰ (ਹੈ.ਕੁ),ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ।
4. ਸ੍ਰੀ ਕਰਮਜੀਤ ਸਿੰਘ, ਡਿਪਟੀ ਡਾਇਰੈਕਟਰ , ਪੀ.ਆਰ.ਬੀ.ਡੀ.ਬੀ ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਮੋਹਾਲੀ ਨੂੰ ਵਿਭਾਗ ਦੀ ਵੈਬ-ਸਾਈਟ ਤੇ ਅਪ-ਲੋੜ ਕਰਨ ਹਿੱਤ।
5. ਸ੍ਰੀ ਅਮਰੀਕ ਸਿੰਘ ਪੁੱਤਰ ਸ੍ਰੀ ਜਗਦੀਸ਼ ਸਿੰਘ ਮਾਰਫਤ: ਮੁੱਖ ਇੰਜੀਨੀਅਰ (ਹੈ:ਕੁ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਪਟਿਆਲਾ।

**(ਰਮਨ ਕੁਮਾਰ ਕੋਛੜ)**
**ਸੁਪਰਡੰਟ**

ਅੰਦਰੂਨੀ ਵੰਡ:-

1. ਨਿੱਜੀ ਸਕੱਤਰ/ਲੋਕ ਨਿਰਮਾਣ ਮੰਤਰੀ ਜੀ।
2. ਨਿੱਜੀ ਸਕੱਤਰ/ਸਕੱਤਰ ਲੋਕ ਨਿਰਮਾਣ।
3. ਨਿੱਜੀ ਸਹਾਇਕ/ਵਿਸੇਸ਼ ਸਕੱਤਰ ਲੋਕ ਨਿਰਮਾਣ।
4. ਜੁ.ਸ.ਸ/ਅਧੀਨ ਸਕੱਤਰ ਲੋਕ ਨਿਰਮਾਣ।
5. ਸੁਪਰਡੰਟ (ਇਮਾਰਤਾਂ ਤੇ ਸੜਕਾਂ-3 ਸ਼ਾਖਾ)

**ਪੰਜਾਬ ਸਰਕਾਰ**

**ਲੋਕ ਨਿਰਮਾਣ ਵਿਭਾਗ**

**ਇਮਾਰਤਾਂ ਤੇ ਸੜਕਾਂ-1 ਸ਼ਾਖਾ**

**ਅਧਿਸੂਚਨਾ**

**ਨੰ: PWD-BR105/42/2025-1BR1/** 1214280 **ਮਿਤੀ, ਚੰਡੀਗੜ੍ਹ:** 01/10/2025

ਲੋਕ ਨਿਰਮਾਣ ਵਿਭਾਗ (ਭ ਤੇ ਮ) ਵਿਚ ਸੇਵਾ ਨਿਭਾਅ ਰਹੇ ਹੇਠ ਦਰਸਾਏ ਅਧਿਕਾਰੀ ਨੂੰ ਪੰਜਾਬ ਸਿਵਲ ਸੇਵਾਵਾਂ, ਜਿਲਦ-1 ਦੇ ਨਿਯਮ 3.26 (ਏ) ਅਤੇ (ਬੀ) ਵਿੱਚ ਦਰਜ ਉਪਬੰਧਾਂ ਅਧੀਨ ਮਿਤੀ 30.09.2025 ਨੂੰ (ਬਾਅਦ ਦੁਪਹਿਰ) ਸਰਕਾਰੀ ਸੇਵਾ ਤੋਂ ਸੇਵਾ ਨਵਿਰਤ ਕੀਤਾ ਜਾਂਦਾ ਹੈ:-

| ਅਧਿਕਾਰੀ ਦਾ ਨਾਮ ਸਰਵ ਸ੍ਰੀ | ਰਿਟਾਇਰਮੈਂਟ ਦੀ ਮਿਤੀ | ਵਿਸ਼ੇਸ਼ ਕਥਨ |
|---|---|---|
| ਰਾਕੇਸ਼ ਗਰਗ, ਮੁੱਖ ਇੰਜੀਨੀਅਰ | 30.09.2025 | 58 ਸਾਲ ਦੀ ਉਮਰ ਪੂਰੀ ਹੋਣ ਉਪਰੰਤ |

2. ਅਧਿਕਾਰੀ ਵਿਰੁੱਧ ਮੌਜੂਦਾ ਚੱਲ ਰਹੇ ਅਤੇ ਭਵਿੱਖ ਵਿਚ ਕੋਈ ਵਿਭਾਗੀ/ਚੌਕਸੀ ਪੜਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮ ਆਦਿ ਦਾ ਕੇਸ ਜੇਕਰ ਲੰਬਿਤ ਹੋਵੇ ਤਾਂ ਰਿਟਾਇਰਮੈਂਟ ਦੇ ਇਨ੍ਹਾਂ ਹੁਕਮਾਂ ਦਾ ਉਸ ਤੇ ਕੋਈ ਅਸਰ ਨਹੀਂ ਹੋਵੇਗਾ ਅਤੇ ਅਧਿਕਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਦੇ ਭਾਗ-2 ਦੇ ਨਿਯਮ 2.2 ਅਧੀਨ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਅਧਿਕਾਰੀ ਵਿਰੁੱਧ ਸਰਕਾਰ ਦਾ ਕੋਈ ਬਕਾਇਆ ਆਦਿ ਲੰਬਿਤ ਹੋਵੇ ਤਾਂ ਉਸ ਨੂੰ ਰਿਕਵਰ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

3. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਮਿਤੀ, ਚੰਡੀਗੜ੍ਹ:**
**01.10.2025**

**ਰਵੀ ਭਗਤ, ਆਈ.ਏ.ਐਸ.**
**ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

**ਪਿੱ.ਅੰ. ਨੰ: PWD-BR105/42/2025-1BR1/1214280** **ਮਿਤੀ, ਚੰਡੀਗੜ੍ਹ:01.10.2025**

ਇਸਦਾ ਇੱਕ ਉਤਾਰਾ ਕੰਟਰੋਲਰ ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾਂ ਆਉਣ ਵਾਲੇ ਅਗਲੇਰੇ ਪੰਜਾਬ ਸਰਕਾਰ ਦੇ ਆਮ ਗਜ਼ਟ ਵਿੱਚ ਛਾਪਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਇਸਦੀਆਂ 25 ਕਾਪੀਆਂ ਰਿਕਾਰਡ ਹਿੱਤ ਭੇਜੀਆਂ ਜਾਣ।

**(ਰਮਨ ਕੁਮਾਰ ਕੋਛੜ)**
**ਸੁਪਰਡੰਟ**

**ਪਿੱ.ਅੰ.ਨੰ:PWD-BR105/42/2025-1BR1/1214280/1-5** **ਮਿਤੀ, ਚੰਡੀਗੜ੍ਹ:01.10.2025**

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
3. ਮੁੱਖ ਇੰਜੀਨੀਅਰ, (ਹੈੱਡ-ਕੁਆਰਟਰ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਸ਼ਾਖਾ ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ: 6542/ਅ-1, ਮਿਤੀ 16.09.2025 ਦੇ ਹਵਾਲੇ ਵਿਚ ਵਿਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸੇਵਾ ਨਿਵਿਰਤੀ ਦੇ ਲਾਭ ਦੇਣ ਤੋਂ ਪਹਿਲਾਂ ਲੰਬਿਤ ਪੜਤਾਲਾਂ (ਜੇਕਰ ਕੋਈ ਹੈ) ਨੂੰ ਧਿਆਨ ਵਿਚ ਰੱਖਿਆ ਜਾਵੇ।
4. ਡਿਪਟੀ ਡਾਇਰੈਕਟਰ (ਪੀ.ਆਰ.ਬੀ.ਡੀ.ਬੀ.), ਮੁਹਾਲੀ।
5. ਸਬੰਧਤ ਅਧਿਕਾਰੀ (ਮਾਰਫਤ: ਮੁੱਖ ਇੰਜੀਨੀਅਰ (ਹੈ.ਕੁ.), ਲੋ.ਨਿ.ਵਿ. (ਭ ਤੇ ਮ) ਪਟਿਆਲਾ।

**(ਰਮਨ ਕੁਮਾਰ ਕੋਛੜ)**
**ਸੁਪਰਡੰਟ**

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜ੍ਹਕਾਂ -1 ਸ਼ਾਖਾ)

ਅਧਿਸੂਚਨਾਂ

ਪੰਜਾਬ ਸਿਵਲ ਸੇਵਾਵਾਂ, ਜਿਲਦ-1 ਨਿਯਮ 3.26 (ਏ) ਅਤੇ (ਬੀ) ਵਿੱਚ ਦਰਜ ਉਪਬੰਧਾਂ ਅਧੀਨ ਹੇਠ ਦਰਸਾਏ ਅਧਿਕਾਰੀ ਨੂੰ ਕਾਰਜਕਾਰੀ ਇੰਜੀਨੀਅਰ (ਸਿਵਲ), ਲੋਕ ਨਿਰਮਾਣ ਵਿਭਾਗ ਵਿੱਚ 58 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਮਿਤੀ 30.09.2025 ਨੂੰ (ਬਾਅਦ ਦੁਪਹਿਰ) ਸਰਕਾਰੀ ਸੇਵਾ ਤੋਂ ਸੇਵਾਂ ਨਵਿਰਤ ਕੀਤਾ ਜਾਂਦਾ ਹੈ:-

| ਲੜੀ ਨੰ: | ਅਧਿਕਾਰੀ ਦ ਨਾਮ ਅਤੇ ਅਹੁਦਾ | ਪਿਤਾ ਦਾ ਨਾਮ | ਵਿਸੇਸ਼ ਕਥਨ |
|---|---|---|---|
| 1 | ਸ੍ਰੀ ਸੰਦੀਪ ਕੁਮਾਰ, ਕਾਰਜਕਾਰੀ ਇੰਜੀਨੀਅਰ (ਸਿਵਲ) | ਸ੍ਰੀ ਰਾਜ ਕੁਮਾਰ ਵਰਮਾ | 58 ਸਾਲ ਦੀ ਸੇਵਾ ਪੂਰੀ ਕਰਨ ਉਪਰੰਤ |

2. ਅਧਿਕਾਰੀ ਵਿਰੁੱਧ ਕੋਈ ਵਿਭਾਗੀ/ਚੌਕਸੀ ਪੜਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮ ਆਦਿ ਦਾ ਕੇਸ ਲੰਬਿਤ ਹੋਵੇ ਤਾਂ ਉਸ ਤੇ ਇਹਨਾਂ ਰਿਟਾਇਰਮੈਂਟ ਦੇ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਅਧਿਕਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਦੇ ਭਾਗ -2 ਦੇ ਨਿਯਮ 2.2 ਅਧੀਨ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਅਧਿਕਾਰੀ ਵਿਰੁੱਧ ਸਰਕਾਰ ਦਾ ਕੋਈ ਬਕਾਇਆ ਆਦਿ ਲੰਬਿਤ ਹੋਵੇ ਤਾਂ ਉਸ ਨੂੰ ਰਿਕਵਰ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

**ਰਵੀ ਭਗਤ, ਆਈ.ਏ.ਐਸ**
**ਸਕੱਤਰ , ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

**ਮਿਤੀ ਚੰਡੀਗੜ੍ਹ**
**01.10.2025**

ਪਿ. ਅੰ. ਨੰ : E 981961-PWD-BR105/41/2025-2BR1/1214278 ਮਿਤੀ ਚੰਡੀਗੜ੍ਹ:- 01/10/2025

ਇਸ ਦਾ ਇੱਕ ਉਤਾਰਾ ਕੰਟਰੋਲਰ ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜਦੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾਂ ਆਉਣ ਵਾਲੇ ਅਗਲੇਰੇ ਪੰਜਾਬ ਸਰਕਾਰ ਦੇ ਆਮ ਗਜ਼ਟ ਵਿੱਚ ਛਾਪਣ ਦੀ ਕ੍ਰਿਪਾਲਤਾ ਕੀਤੀ ਜਾਵੇ।

(ਰਮਨ ਕੁਮਾਰ ਕੋਛੜ)
**ਸੁਪਰਡੰਟ**

ਪਿ. ਅੰ. ਨੰ : E 981961-PWD-BR105/41/2025-2BR1/1214278/1-5 ਮਿਤੀ ਚੰਡੀਗੜ੍ਹ:- 01/10/2025

ਉਪਰੋਕਤ ਦਾ ਇਕ ਉਤਾਰ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਪੜਤਾਲ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ ਚੰਡੀਗੜ੍ਹ।
3. ਮੁੱਖ ਇੰਜੀਨੀਅਰ (ਹੈ: ਕੁ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਨੂੰ ਉਹਨਾਂ ਦੇ ਮੀਮੋ ਨੰ: 6542/ਅ-1 ਮਿਤੀ 16.09.2025 ਦੇ ਹਵਾਲੇ ਵਿੱਚ।
4. ਸਬੰਧਤ ਜਿਲ੍ਹਾ ਖਜਾਨਾ ਅਫਸਰ।
5. ਸ੍ਰੀ ਸੰਦੀਪ ਕੁਮਾਰ ਪੁੱਤਰ ਸ੍ਰੀ ਰਾਜ ਕੁਮਾਰ ਵਰਮਾ, ਕਾਰਜਕਾਰੀ ਇੰਜੀਨੀਅਰ (ਸਿਵਲ) (ਮਾਰਫਤ ਮੁੱਖ ਇੰਜੀਨੀਅਰ (ਹੈ:ਕੁ) ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਪਟਿਆਲਾ।

(ਰਮਨ ਕੁਮਾਰ ਕੋਛੜ)
**ਸੁਪਰਡੰਟ**